THE PUNJAB STATE BOARD OF TECHNICAL EDUCATION AND INDUSTRIAL TRAINING
Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com

ਨੰ:-ਆਈ.ਟੀ.ਆਈ.ਸ਼ਾਖਾ/ 2038 ਮਿਤੀ:- 23/09/22

ਸੇਵਾ ਵਿਖੇ,

ਪ੍ਰਿੰਸੀਪਲ/ਮੁੱਖ ਅਧਿਆਪਕ,
ਸਮੂਹ ਸਰਕਾਰੀ /ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ,
ਆਰਟ ਐਂਡ ਕਰਾਫਟ ਅਤੇ ਟੀਚਰ ਟਰੇਨਿੰਗ ਸੰਸਥਾਵਾਂ
ਪੰਜਾਬ ਰਾਜ ਅਧੀਨ।

ਵਿਸ਼ਾ: ਐਸ.ਸੀ.ਵੀ.ਟੀ/ਆਰਟ ਐਂਡ ਕਰਾਫਟ/ਟੀਚਰ ਟਰੇਨਿੰਗ ਕੋਰਸਾਂ ਦੀਆਂ ਹੋਣ ਵਾਲੀਆਂ ਪ੍ਰੀਖਿਆ ਸਤੰਬਰ-ਅਕਤੂਬਰ-2022 ਦੀਆਂ ਉਤਰਕਾਪੀਆਂ ਨੋਡਲ ਸੈਂਟਰ ਵਿਖੇ ਜਮ੍ਹਾਂ ਕਰਵਾਉਣ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਦਸਿਆ ਜਾਂਦਾ ਹੈ ਕਿ ਐਸ.ਸੀ.ਵੀ.ਟੀ/ਆਰਟ ਐਂਡ ਕਰਾਫਟ/ਟੀਚਰ ਟਰੇਨਿੰਗ ਕੋਰਸਾਂ ਦੀ ਪ੍ਰੀਖਿਆ ਪ੍ਰੋਗਰਾਮ ਅਨੁਸਾਰ ਸਤੰਬਰ-ਅਕਤੂਬਰ 2022 ਦੌਰਾਨ ਕਰਵਾਈ ਜਾਣੀ ਹੈ।ਪ੍ਰੀਖਿਆ ਕੇਂਦਰਾਂ ਵਲੋਂ ਇਹਨਾਂ ਪ੍ਰੀਖਿਆਵਾਂ ਦੀਆਂ ਉਤਰਕਾਪੀਆਂ ਰੋਜਾਨ ਥਿਊਰੀ ਦਾ ਪੇਪਰ(ਸਵੇਰੇ ਅਤੇ ਸ਼ਾਮ/ਦੋਹਾਂ ਸ਼ਿਫਟਾਂ ਦਾ) ਖਤਮ ਹੋਣ ਉਪਰੰਤ ਨਿਰਧਾਰਤ ਜਿਲਾ ਲੈਵਲ ਤੇ ਬਣਾਏ ਗਏ 19 ਨੋਡਲ ਸੈਂਟਰਾਂ ਵਿਖ ਜਿਲ੍ਹੇ ਅਨੁਸਾਰ ਸਮੇਂ ਸਿਰ ਸੁਰਖਿਅਤ ਪੁਜਦਾ ਕਰਨਾ ਯਕੀਨੀ ਬਣਾਉਣਗੇ। ਪ੍ਰੀਖਿਆ ਦੌਰਾਨ ਰੋਜਾਨਾ/ਮਿਤੀਬਧ ਜਮ੍ਹਾ ਹੋਣ ਵਾਲੇ ਬਡੰਲਾ/ਪੈਕਟਾਂ ਦਾ ਪੂਰਾ ਰਿਕਾਰਡ ਨੋਡਲ ਸਾਂਟਰਾਂ ਵਲੋਂ ਰੱਖਿਆ ਜਾਵੇ ਤਾਂ ਜੋ ਦਫਤਰ ਨੂੰ ਲੋੜ ਪੈਣ ਤੇ ਪੇਸ਼ ਕੀਤਾ ਜਾ ਸਕੇ। ਨੋਡਲ ਸੈਂਟਰ ਪ੍ਰੀਖਿਆ ਖਤਮ ਹੋਣ ਉਪਰੰਤ ਦੇਰ ਸ਼ਾਮ(ਲੋੜ ਹੋਵੇ ਤਾਂ) ਤੱਕ ਸੰਸਥਾ ਵਿਖੇ ਕਿਸੇ ਜਿੰਮੇਵਾਰ ਕਰਮਚਾਰੀ ਦੀ ਡਿਊਟੀ ਪ੍ਰੀਖਿਆ ਦੌਰਾਨ ਲਗਾਉਣੀ ਯਕੀਨੀ ਬਣਾਉਣਗੇ ਅਤੇ ਲਗਾਈ ਗਈ ਡਿਉਟੀ ਦਾ ਰਿਕਾਰਡ ਭਾਵ ਪ੍ਰਿੰਸੀਪਲ ਕਮ ਕੰਟਰੋਲਰ, ਫੈਕਲਟੀ ਮੈਂਬਰ ਦਾ ਨਾਮ ਅਤੇ ਮੋਬਾਇਲ ਨੰਬਰ ਦੀ ਜਾਣਕਾਰੀ ਆਪਣੇ ਪੱਧਰ ਤੇ ਰਖਦਿਆਂ ਬੋਰਡ ਦਫਤਰ ਦੇ ਈ.ਮੇਲ ceitipb@gmail.com ਤੇ ਵੀ ਭੇਜਣੀ ਯਕੀਨੀ ਬਣਾਉਣਗੇ।

ਬੋਰਡ ਦਫਤਰ ਵਲੋਂ ਨਿਰਧਾਰਿਤ ਮਿਤੀ ਨੂੰ ਜਦੋਂ ਤੱਕ ਉਤਰ ਕਾਪੀਆਂ ਬੋਰਡ ਦਫਤਰ ਦੇ ਕਰਮਚਾਰੀਆਂ ਦੇ ਹਵਾਲੇ ਨਾ ਹੋ ਜਾਣ, ਉਸ ਵੇਲੇ ਤੱਕ ਸਮਾਨ ਦੀ ਪੂਰਨ ਜਿੰਮੇਵਾਰੀ ਨੋਡਲ ਸੈਂਟਰ ਦੀ ਹੋਵੇਗੀ। ਉਪਰੋਕਤ ਹਦਾਇਤ ਦੀ ਕਿਸੇ ਵੀ ਪ੍ਰਕਾਰ ਦੀ ਉਲੰਘਣਾ ਦੀ ਸੂਰਤ ਵਿਚ ਸਮੁੱਚੀ ਜਿੰਮੇਵਾਰੀ ਪ੍ਰੀਖਿਆ ਕੇਂਦਰਾਂ ਦੇ ਪ੍ਰਿੰਸੀਪਲ/ਕੰਟਰੋਲਰ ਦੀ ਠਹਿਰਾਈ ਜਾਵੇਗੀ। ਸਮੂਹ ਪ੍ਰੀਖਿਆ ਕੇਂਦਰ ਵਿਸ਼ਾ ਅੰਕਿਤ ਮਾਮਲੇ ਸਬੰਧੀ ਆਪਣਾ ਤਾਲਮੇਲ ਨੋਡਲ ਸੈਂਟਰਾਂ ਨਾਲ ਬਣਾਉਣਗੇ। ਨਿਭਾਈ ਗਈ ਡਿਉਟੀ ਵਾਸਤੇ ਮਾਨਭੇਟਾਂ,ਟੀ.ਏ ਆਦਿ ਲਈ ਬੋਰਡ ਨਿਯਮ ਲਾਗੂ ਹੋਣਗੇ।

ਸੈਸ਼ਨ 2021 ਵਿੱਚ ਦਾਖਲ ਹੋਏ ਸਿਖਿਆਰਥੀਆਂ ਦੇ ਐਸ.ਸੀ.ਵੀ.ਟੀ/ਆਰਟ ਐਂਡ ਕਰਾਫਟ/ਟੀਚਰ ਟਰੇਨਿੰਗ ਆਦਿ ਕੋਰਸਾਂ ਦੀ ਪ੍ਰੀਖਿਆ 29 ਸਤੰਬਰ 2022 ਤੋਂ ਸ਼ੁਰੂ ਕਰਵਾਈਆਂ ਜਾਣੀਆਂ ਹਨ। ਪ੍ਰੀਖਿਆ ਸਬੰਧੀ ਡੇਟਸ਼ੀਟ ਪਹਿਲਾਂ ਹੀ ਬੋਰਡ ਵੈਬਸਾਈਟ ਤੇ ਅਪਲੋਡ ਕਰ ਦਿਤੀ ਗਈ ਹੈ।

ਨੋਟ:

1 ਪ੍ਰੀਖਿਆਵਾਂ ਕੰਡਕਟ ਕਰਵਾਉਣ, ਪ੍ਰੈਕਟੀਕਲ ਪ੍ਰੀਖਿਆਵਾਂ ਦੀ ਮਾਰਕਿੰਗ ਅਤੇ ਪ੍ਰੀਖਿਆ ਨਾਲ ਜੁੜੇ ਸਾਰੇ ਕੰਮਾਂ ਵਿਚ **secrecy** ਅਤੇ **transperancy** ਸਾਰੀਆਂ ਸੰਸਥਾਵਾਂ ਵਲੋਂ ਯਕੀਨੀ ਬਣਾਇਆ ਜਾਵੇ।

2 ਪ੍ਰੀਖਿਆ ਕੇਂਦਰਾਂ ਵਿਚ ਕਿਸੇ ਵੀ ਤਰ੍ਹਾਂ ਦੀ ਹੁਲੜਬਾਜੀ ਨੂੰ ਰੋਕਣ ਲਈ **Security**/ਪੁਲਿਸ ਆਦਿ ਦਾ ਪ੍ਰਬੰਧ ਪ੍ਰੀਖਿਆਵਾਂ ਦੌਰਾਨ ਯਕੀਨੀ ਬਣਾਇਆ ਜਾਵੇ। ਇਸ ਸਬੰਧੀ ਲੋੜੀਂਦੀ ਕਾਰਵਾਈ ਸੰਸਥਾ ਦੇ ਪ੍ਰਿੰਸੀਪਲ/ਮੁਖੀ ਵਲੋਂ ਆਪਣੇ ਜਿਲ੍ਹੇ ਦੇ ਡਿਪਟੀ ਕਮੀਸ਼ਨਰ/**SSP** ਨਾਲ ਰਾਬਤਾ ਕੀਤਾ ਜਾਵੇ।

3 ਉਤਰ ਕਾਪੀਆਂ ਨੋਡਲ ਸੰਸਥਾ ਵਿਖੇ ਪਹੁੰਚਣ ਤੋਂ ਬਾਅਦ ਸੰਸਥਾ ਵਲੋਂ ਇਹਨਾਂ ਦੀ ਸੰਭਾਲ ਲਈ ਪੁਖਤਾ ਇੰਤਜਾਮ ਕਰਨਾ ਯਕੀਨੀ ਬਣਾਵੇ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਨੱਥੀ: List of Nodal Centers
Copy of Acknowledgment

ਕੰਟਰੋਲਰ ਪ੍ਰੀਖਿਆਵਾਂ(ਆਈ.ਟੀ.ਆਈ)
ਵਾਸਤੇ ਸਕੱਤਰ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਪੀ.ਏ.ਟੂ ਸਕੱਤਰ ਸਾਹਿਬ (ਸੂਚਨਾ ਹਿਤ)
2. ਸਿਸਟਮ ਐਡਮਨ (ਵੈਬਸਾਈਟ ਤੇ ਅਪਲੋਡ ਕਰਨ ਹਿਤ)

**List of Nodal Centers for November-2021 SCVT- Exams:-**

| | Nodal Centre ITI at district level | District |
|---|---|---|
| 1 | Govt. ITI Nawanshahar | Nawanshehar |
| 2 | Govt. ITI (w) Jalandhar<br>(Exam centres of Kapurthala) | Jalandhar,<br>Kapurthala |
| 3 | Dayanand ITI Amritsar-<br>(Building at Govt. ITI Ranjit Avenue, Asr.) | Amritsar, TarnTaran |
| 4 | Govt ITI,Patiala | Patiala |
| 5 | Govt. ITI Barnala | Barnala |
| 6 | Govt. ITI Bathinda | Bathinda |
| 7 | Govt. ITI Budhlada<br>(Exam centres of Mansa) | Mansa |
| 8 | Govt ITI Sunam<br>(Exam centres of Sangrur) | Sangrur |
| 9 | Govt. ITI (W) Mohali<br>(Exam centre of Fatehgarh Sahib) | Mohali, Fatehgarh<br>Sahib |
| 10 | Govt. ITI Fazilka | Fazilka |
| 11 | Govt. ITI Ludhiana | Ludhiana |
| 12 | Govt. ITI Moga | Moga |
| 13 | Govt ITI Roop Nagar | Roop Nagar |
| 14 | Govt ITI Hoshiarpur | Hoshiarpur |
| 15 | Govt. ITI Gurdaspur | Gurdaspur |
| 16 | Govt. ITI Pathankot | Pathankot |
| 17 | Govt. ITI SC Muktsar | Muktsar |
| 18 | Govt. ITI Ferozepur | Ferozepur |
| 19 | Govt. ITI Faridkot | Faridkot |

Controller Exam( ITI)

ACKNOWLEDGE

Received total_____________sealed packets (Morning & Evening session )on (dated)______________ from_________________________________Industrial Training Instute___________________________(ITI Code________________) at __________ p.m

Signature ________________

Full Name ________________

Nodal Centre _______________

Mobile No. __________________